**Vigilance Bureau Punjab**

# VIGILANCE ARRESTS LINEMAN, MIDDLEMAN FOR ACCEPTING BRIBE OF Rs. 30,000
# (SDO, JE ALSO BOOKED IN GRAFT CASE)

Chandigarh, May 17: State Vigilance Bureau arrested PSPCL Lineman and a private person for accepting bribe.

Disclosing this here an official spokesperson of the Vigilance Bureau said Lineman Rakesh Kumar posted at PSPCL Sub Division Patran, Patiala and a private person Deepak Goyal, a shopkeeper at Patran, were arrested on the complaint of Amandeep Singh of Village Ghaga in Patiala district.

The complaint has approached the VB and alleged that the above said lineman and a private person working as his middleman, were demanding Rs. 30,000 to install commercial power connection at his floor mill. It may be mentioned here that the accused lineman and the middleman had already fixed a deal with SDO Davinder Kumar and JE Karamjeet Singh of PSPCL Sub Division Patran for sharing the bribe amount in this case.

After verifying his information, Vigilance team laid a trap and the accused middleman was arrested on the spot while accepting bribe of Rs.30,000 from the complainant in the presence of two official witnesses. The VB has also arrested accused lineman and booked SDO and JE in this case.

He informed that a case under section 7, 13 (2) of Prevention of Corruption Act and 120-B IPC has been registered against all the above said accused at VB police station Patiala and further investigations were under progress.

**ਵਿਜੀਲੈਂਸ ਬਿਓਰੋ ਪੰਜਾਬ**

# ਵਿਜੀਲੈਂਸ ਵੱਲੋਂ ਰਿਸ਼ਵਤ ਦੇ ਕੇਸ ਵਿਚ ਬਿਜਲੀ ਨਿਗਮ ਦਾ ਲਾਈਨਮੈਨ ਤੇ ਵਿਚੋਲਾ ਕਾਬੂ

ਚੰਡੀਗੜ੍ਹ, 17 ਮਈ: ਪੰਜਾਬ ਵਿਜੀਲੈਂਸ ਬਿਊਰੋ ਵਲੋਂ ਪੀ.ਐਸ.ਪੀ.ਸੀ.ਐਲ ਦੇ ਇਕ ਲਾਈਨਮੈਨ ਅਤੇ ਉਸ ਦੇ ਇਕ ਵਿਚੌਲੇ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਪੀ.ਐਸ.ਪੀ.ਸੀ.ਐਲ ਸਬ ਡਵੀਜਨ ਪਾਤੜਾਂ, ਜਿਲਾ ਪਟਿਆਲਾ ਵਿਖੇ ਤਾਇਨਾਤ ਲਾਈਨਮੈਨ ਰਾਕੇਸ਼ ਕੁਮਾਰ ਉਸ ਦੇ ਵਿਚੋਲੇ ਦੀ ਭੂਮਿਕਾ ਨਿਭਾਉਣ ਵਾਲੇ ਪ੍ਰਾਈਵੇਟ ਵਿਅਕਤੀ ਦੀਪਕ ਗੋਇਲ ਨੂੰ ਸ਼ਿਕਾਇਤਕਰਤਾ ਅਮਨਦੀਪ ਸਿੰਘ ਵਾਸੀ ਪਿੰਡ ਘੱਗਾ, ਜਿਲਾ ਪਟਿਆਲਾ ਦੀ ਸ਼ਿਕਾਇਤ 'ਤੇ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਸ ਦੀ ਆਟਾ ਚੱਕੀ ਲਈ ਬਿਜਲੀ ਦਾ ਕੁਨੈਕਸ਼ਨ ਲਾਉਣ ਬਦਲੇ ਉਕਤ ਲਾਈਨਮੈਨ ਵਿਚੋਲੇ ਰਾਹੀਂ 30,000 ਰੁਪਏ ਦੀ ਮੰਗ ਕਰ ਰਿਹਾ ਹੈ। ਦੱਸਣਯੋਗ ਹੈ ਕਿ ਦੋਸ਼ੀ ਲਾਈਨਮੈਨ ਅਤੇ ਉਸ ਦੇ ਵਿਚੌਲੇ ਨੇ ਪੀ.ਐਸ.ਪੀ.ਸੀ.ਐਲ ਸਬ ਡਵੀਜਨ ਪਾਤੜਾਂ ਦੇ ਐਸ.ਡੀ.ਓ ਦਵਿੰਦਰ ਕੁਮਾਰ ਅਤੇ ਜੇ.ਈ ਕਰਮਜੀਤ ਸਿੰਘ ਨਾਲ ਵੀ ਇਸ ਕੇਸ ਵਿਚੋਂ ਮਿਲਣ ਵਾਲੀ ਰਿਸ਼ਵਤ ਦੀ ਰਕਮ ਵਿਚੋਂ ਹਿੱਸਾ ਦੇਣ ਲਈ ਪਹਿਲਾਂ ਹੀ ਗੱਲਬਾਤ ਤੈਅ ਕੀਤੀ ਹੋਈ ਸੀ।

ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਵਿਚੋਲੇ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿਚ ਸ਼ਾਮਲ ਦੋਸ਼ੀ ਲਾਈਨਮੈਨ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਐਸ.ਡੀ.ਓ ਅਤੇ ਜੇ.ਈ ਖਿਲਾਫ਼ ਵੀ ਪਰਚਾ ਦਰਜ ਕੀਤਾ ਗਿਆ ਹੈ । ਬੁਨਾਰੇ ਨੇ ਦੱਸਿਆ ਕਿ ਉਕਤ ਦੋਸ਼ੀਆਂ ਖਿਲਾਫ਼ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7,13 (2) ਅਤੇ 120-ਬੀ ਆਈ.ਪੀ.ਸੀ ਤਹਿਤ ਪਟਿਆਲਾ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।